Transport for NSW

# ਸੜਕ ਸੁਰੱਖਿਆ

## ਬੱਸ ਵਿੱਚ ਸੀਟਬੈਲਟ ਸੁਰੱਖਿਆ

ਜੇਕਰ ਬੱਸ ਵਿੱਚ ਸੀਟਬੈਲਟਾਂ ਲੱਗੀਆਂ ਹੋਣ, ਤਾਂ ਤੁਹਾਡੇ ਬੱਚੇ ਨੂੰ ਸੀਟਬੈਲਟ ਲਗਾਉਣੀ ਲਾਜ਼ਮੀ ਹੈ। **ਇਹ ਕਾਨੂੰਨ ਹੈ।**

ਆਪਣੇ ਬੱਚੇ ਨਾਲ ਬੱਸ ਵਿੱਚ ਸੀਟਬੈਲਟ ਨੂੰ ਸਹੀ ਢੰਗ ਨਾਲ ਪਹਿਨਣ ਦੇ ਮਹੱਤਵ ਬਾਰੇ ਗੱਲ ਕਰੋ।

ਉਹਨਾਂ ਨੂੰ ਯਾਦ ਦਿਵਾਓ ਕਿ ਉਹਨਾਂ ਨੂੰ ਹਰ ਵਾਹਨ ਵਿੱਚ ਸਹੀ ਢੰਗ ਨਾਲ ਸੀਟਬੈਲਟ ਪਹਿਨਣੀ ਲਾਜ਼ਮੀ ਹੈ।

ਹਾਲਾਂਕਿ ਤੁਸੀਂ ਜਾਂ ਕੋਈ ਹੋਰ ਬਾਲਗ਼ ਆਮ ਤੌਰ 'ਤੇ ਤੁਹਾਡੇ ਬੱਚੇ ਦੀ ਸੀਟਬੈਲਟ ਲਗਾਉਣ ਵਿੱਚ ਮੱਦਦ ਕਰਦੇ ਹੋ, ਪਰ ਉਹਨਾਂ ਨੂੰ ਯਾਦ ਦਿਵਾਓ ਕਿ ਜਦੋਂ ਉਹ ਸਕੂਲ ਬੱਸ 'ਤੇ ਹੁੰਦੇ ਹਨ ਤਾਂ ਇਹ ਸੰਭਵ ਨਹੀਂ ਹੋ ਸਕਦਾ ਹੈ। ਇਹ ਜ਼ਰੂਰੀ ਹੈ ਕਿ ਉਹ ਜਾਂਚ ਕਰਨ ਕਿ ਉਹਨਾਂ ਦੀ ਸੀਟਬੈਲਟ ਮਜ਼ਬੂਤੀ ਨਾਲ ਲੱਗੀ ਹੋਈ ਹੈ। ਬੈਲਟ ਦਾ ਗੋਦੀ ਵਾਲਾ ਹਿੱਸਾ ਉਹਨਾਂ ਦੇ ਕੁੱਲ੍ਹੇ 'ਤੇ ਸਿੱਧਾ ਹੋਣਾ ਚਾਹੀਦਾ ਹੈ ਅਤੇ ਮੁੜਿਆ ਹੋਇਆ ਨਹੀਂ ਹੋਣਾ ਚਾਹੀਦਾ ਹੈ।

### ਸੀਟਬੈਲਟ ਕਿਉਂ ਜ਼ਰੂਰੀ ਹੈ?

ਸੀਟਬੈਲਟ ਪਹਿਨਣ ਨਾਲ ਹਾਦਸੇ ਦੀ ਸਥਿਤੀ ਵਿੱਚ ਤੁਹਾਡੇ ਬੱਚੇ ਨੂੰ ਸੁਰੱਖਿਅਤ ਰਹਿਣ ਵਿੱਚ ਮੱਦਦ ਮਿਲਦੀ ਹੈ।

ਹਾਦਸੇ ਵਿੱਚ, ਇੱਕ ਸੀਟਬੈਲਟ:

- ਸਰੀਰ ਨੂੰ ਗੱਡੀ ਜਿੰਨ੍ਹੀ ਰਫ਼ਤਾਰ ਨਾਲ ਹੀ ਹੌਲੀ ਕਰਨ ਵਿੱਚ ਮੱਦਦ ਕਰਦੀ ਹੈ
- ਟੱਕਰ ਦੇ ਝਟਕੇ ਨੂੰ ਸਰੀਰ ਦੇ ਮਜ਼ਬੂਤ ਹਿੱਸਿਆਂ (ਪੇਡੂ ਅਤੇ ਛਾਤੀ) ਵਿੱਚ ਵੰਡਦੀ ਹੈ
- ਯਾਤਰੀਆਂ ਦੇ ਇੱਕ ਦੂਜੇ ਨਾਲ ਜਾਂ ਵਾਹਨ ਦੇ ਅੰਦਰਲੇ ਹਿੱਸਿਆਂ ਨਾਲ ਟਕਰਾਉਣ ਦੇ ਖ਼ਤਰੇ ਨੂੰ ਘਟਾਉਂਦੀ ਹੈ
- ਡਰਾਈਵਰ ਜਾਂ ਯਾਤਰੀਆਂ ਦੇ ਵਾਹਨ ਤੋਂ ਡਿੱਗਣ ਦੇ ਖ਼ਤਰੇ ਨੂੰ ਘਟਾਉਂਦੀ ਹੈ






ਸੀਟਬੈਲਟ ਲਗਾਉਣ ਨਾਲ ਦੁਰਘਟਨਾ ਤੋਂ ਬਚਣ ਦੀ ਸੰਭਾਵਨਾ ਦੁੱਗਣੀ ਹੋ ਜਾਂਦੀ ਹੈ ਅਤੇ ਸੱਟ ਲੱਗਣ ਦਾ ਖ਼ਤਰਾ ਘੱਟ ਜਾਂਦਾ ਹੈ।

ਆਪਣੇ ਪਰਿਵਾਰ ਦੀ ਸੁਰੱਖਿਆ ਕਰਨ ਲਈ, ਹਮੇਸ਼ਾ ਇਹ ਯਕੀਨੀ ਬਣਾਓ ਕਿ ਉਹਨਾਂ ਸਾਰਿਆਂ ਨੇ ਸਹੀ ਢੰਗ ਨਾਲ ਸੀਟਬੈਲਟ ਪਹਿਨੀ ਹੋਈ ਹੈ।

ਬੱਚਿਆਂ ਨੂੰ ਸੜਕ ਦੇ ਮਾਹੌਲ ਵਿੱਚ ਸੁਰੱਖਿਅਤ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, **safetytown.com.au** 'ਤੇ ਪਰਿਵਾਰ ਸੈਕਸ਼ਨ 'ਤੇ ਜਾਓ।

**ਆਪਣੇ ਬੱਚੇ ਨਾਲ ਸਾਂਝੇ ਕਰਨ ਲਈ ਮੁੱਖ ਸੜਕ ਸੁਰੱਖਿਆ ਸੁਨੇਹੇ**

- ਕਲਿੱਕ, ਕਲੈਕ, ਅੱਗੇ ਅਤੇ ਪਿੱਛੇ
- ਹਮੇਸ਼ਾ ਸੁਰੱਖਿਅਤ ਢੰਗ ਨਾਲ ਸੀਟਬੈਲਟ ਬੰਨ੍ਹੋ

ਸਟਾਕ ਕੋਡ 45095300 ਜੂਨ 2024 © Transport for NSW

NSW GOVERNMENT

NSW ਦੀਆਂ ਸੜਕਾਂ 'ਤੇ ਬਹੁਤ ਸਾਰੀਆਂ ਜਾਨਾਂ ਗਈਆਂ ਹਨ।
**ਸਾਡਾ ਟੀਚਾ ਜ਼ੀਰੋ ਹੈ।**

TOWARDS ZERO